# ਪੰਜਾਬੀ ਦੁਨੀਆ

ਮਈ-2016



ਭਾਸ਼ਾ ਵਿਭਾਗ, ਪੰਜਾਬ

# ਪੰਜਾਬੀ ਦੁਨੀਆ

ਸਾਲ : 67 ਮਈ -2016 ਅੰਕ : 05

ਮੁੱਖ ਸੰਪਾਦਕ :
**ਗੁਰਸ਼ਰਨ ਕੌਰ**
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ

ਸੰਪਾਦਕ :
**ਡਾ. ਵੀਰਪਾਲ ਕੌਰ**
ਡਿਪਟੀ ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ

ਰਾਹੀਂ :
ਕੰਟਰੋਲਰ
ਛਪਾਈ ਤੇ ਲਿਖਣ ਸਮੱਗਰੀ ਵਿਭਾਗ, ਪੰਜਾਬ

ਪ੍ਰਕਾਸ਼ਕ :
**ਡਾਇਰੈਕਟਰ**
ਭਾਸ਼ਾ ਵਿਭਾਗ, ਪੰਜਾਬ

ਫੋਟੋ ਕੰਪੋਜ਼ਿੰਗ :
**ਕੰਪਿਊਟਰ ਵਿੰਗ**
ਭਾਸ਼ਾ ਵਿਭਾਗ, ਪੰਜਾਬ

ਸਾਲਾਨਾ ਚੰਦਾ : 36 ਰੁਪਏ
ਇਹ ਅੰਕ : 3 ਰੁਪਏ

ਪਰਚੇ ਵਿਚ ਲੇਖਕਾਂ ਵਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਸਰਕਾਰ/ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ।

1. ਸੰਪਾਦਕੀ 02

2. ਇਸਤਰੀ ਦਰਜਾਬੰਦੀ ਅਤੇ ਸਿੱਖ ਚਿੰਤਨ
- ਡਾ. ਅਮਨਜੋਤ ਕੌਰ 03

3. ਵਿਸ਼ਵੀਕਰਨ ਅਤੇ ਪੰਜਾਬੀ ਸਭਿਆਚਾਰ: ਬਦਲਦੇ ਪ੍ਰਤੀਮਾਨ
- ਹਰਜਿੰਦਰ ਸਿੰਘ 14

4. ਲੋਕ ਗੀਤਾਂ ਦਾ ਸੰਗ੍ਰਹਿਕ ਅਤੇ ਪਾਰਖੂ : ਡਾ. ਮਹਿੰਦਰ ਸਿੰਘ ਰੰਧਾਵਾ
- ਗੁਰਿੰਦਰਬੀਰ ਸਿੰਘ 28

5. ਬਾਵਾ ਬਲਵੰਤ: ਪੰਜਾਬੀ ਕਵਿਤਾ ਦਾ ਸ਼ਾਹ-ਸੁਆਰ
- ਡਾ. ਗੋਪਾਲ ਸਿੰਘ ਬੁੱਟਰ 52

ਦਫਤਰੀ ਫੋਨ : 2214469
ਈ ਮੇਲ:-
www.pblanguages@hotmail.com

# ਵਿਸ਼ਵੀਕਰਨ ਅਤੇ ਪੰਜਾਬੀ ਸਭਿਆਚਾਰ: ਬਦਲਦੇ ਪ੍ਰਤੀਮਾਨ

-ਹਰਜਿੰਦਰ ਸਿੰਘ

ਅਜੋਕਾ ਦੌਰ ਵਿਸ਼ਵੀਕਰਨ ਦਾ ਦੌਰ ਹੈ। ਅਤਿ-ਆਧੁਨਿਕ ਸੂਚਨਾ ਅਤੇ ਬਿਜਲਈ ਸੰਚਾਰ ਸਾਧਨਾਂ ਨੇ ਦੇਸ਼ਾਂ-ਵਿਦੇਸ਼ਾਂ ਵਿਚਲੀਆਂ ਦੂਰੀਆਂ ਤੇ ਹੱਦਾਂ-ਸਰਹੱਦਾਂ ਮਿਟਾ ਦਿੱਤੀਆਂ ਹਨ। ਇਸ ਦੌਰ ਨੂੰ ਵਿਭਿੰਨ ਦ੍ਰਿਸ਼ਟੀਆਂ ਤੋਂ ਪਰਿਭਾਸ਼ਤ ਕਰਦਿਆਂ ਵਿਦਵਾਨਾਂ ਨੇ ਇਸਨੂੰ 'ਉਤਰ-ਉਦਯੋਗਿਕ, ਉਤਰ-ਬਸਤੀਵਾਦੀ, ਉਤਰ-ਆਧੁਨਿਕ, ਸੂਚਨਾ-ਕ੍ਰਾਂਤੀ ਦਾ ਯੁੱਗ ਕਿਹਾ ਹੈ। ਇਹ ਵੱਖ-ਵੱਖ ਸੰਕਲਪ ਅਜੋਕੇ ਵਿਸ਼ਵ ਦੇ ਬਦਲਦੇ ਸਰੂਪ ਦੇ ਵਿਭਿੰਨ ਪੱਖਾਂ ਨੂੰ ਸੰਕੇਤਕ ਰੂਪ ਵਿਚ ਪ੍ਰਗਟਾਉਂਦੇ ਹਨ। ਵਿਗਿਆਨਕ ਖੋਜਾਂ, ਤਕਨਾਲੋਜੀ ਦੇ ਵਿਕਾਸ ਅਤੇ ਸੰਚਾਰ ਸਾਧਨਾਂ ਵਿਚ ਆਏ ਕ੍ਰਾਂਤੀਕਾਰੀ ਪਰਿਵਰਤਨਾਂ ਨਾਲ ਮਨੁੱਖ ਦੀ ਉਤਪਾਦਨ ਸਮਰੱਥਾ, ਉਤਪਾਦਨ ਦੀਆਂ ਵਿਧੀਆਂ ਅਤੇ ਉਤਪਾਦਨ-ਸਬੰਧਾਂ ਵਿਚ ਬੁਨਿਆਦੀ ਪਰਿਵਰਤਨ ਵਾਪਰੇ ਹਨ।'[1] ਇਹਨਾਂ ਪਰਿਵਰਤਨਾਂ ਤਹਿਤ ਮਨੁੱਖੀ ਮਾਨਸਿਕਤਾ ਅਤੇ ਵਿਵਹਾਰ ਵਿਚ ਅਨੇਕ ਤਬਦੀਲੀਆਂ ਵਾਪਰੀਆਂ ਹਨ। ਪਰੰਪਰਕ ਸਮਾਜਕ-ਆਰਥਕ ਸੰਰਚਨਾਵਾਂ ਦੇ ਨਾਲ ਨਾਲ ਸਭਿਆਚਾਰਕ ਪ੍ਰਤੀਮਾਨਾਂ, ਦਾਰਸ਼ਨਿਕ-ਮਾਨਤਾਵਾਂ, ਵਿਸ਼ਵਾਸਾਂ, ਨੈਤਿਕਤਾ ਅਤੇ ਸੁਹਜ-ਸੁਆਦ ਦੀਆਂ ਮਿੱਥਾਂ ਟੁੱਟਦੀਆਂ ਹਨ। ਵਿਗਿਆਨ ਅਤੇ ਤਕਨਾਲੋਜੀ ਦੇ ਪਾਸਾਰ ਅਤੇ ਸੂਚਨਾ-ਕ੍ਰਾਂਤੀ ਦੇ ਪ੍ਰਭਾਵ ਤਹਿਤ ਪੂਰਾ ਵਿਸ਼ਵ ਇਕ 'ਵਿਸ਼ਵੀ ਪਿੰਡ' ਬਣ ਰਿਹਾ ਹੈ। ਅੰਤਰ-ਰਾਸ਼ਟਰੀ ਅਤੇ ਪਾਰ-ਰਾਸ਼ਟਰੀ ਸਭਿਆਚਾਰਕ ਆਦਾਨ-ਪ੍ਰਦਾਨ ਵਧਿਆ ਹੈ ਪਰੰਤੂ ਖੇਤਰੀ ਸਭਿਆਚਾਰਕ ਪਛਾਣਾਂ ਗਵਾਚ ਰਹੀਆਂ ਹਨ। ਅਜਿਹਾ ਵਿਸ਼ਵੀਕਰਨ ਦੇ ਵਰਤਾਰੇ ਤਹਿਤ ਹੀ ਵਾਪਰ ਰਿਹਾ ਹੈ। 'ਵਿਸ਼ਵੀਕਰਨ

*ਰਿਸਰਚ ਸਕਾਲਰ, ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

ਦਾ ਇਹ ਵਰਤਾਰਾ ਕੋਈ ਇਕਦਮ ਘਟੀ ਘਟਨਾ ਨਹੀਂ ਸਗੋਂ ਇਹ ਇਕ ਸੌ ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਨਿਰੰਤਰ ਬਦਲਵੇਂ ਰੂਪਾਂ, ਨੀਤੀਆਂ ਅਤੇ ਵਿਧੀਆਂ ਨਾਲ ਵਧਦਾ ਆ ਰਿਹਾ ਇਕ ਵਿਸ਼ੇਸ਼ ਸ਼ਕਤੀਸ਼ਾਲੀ ਪ੍ਰਵਾਹ ਹੈ। ਪਰ ਕਾਲਿਕ ਸੰਦਰਭ ਵਿਚ ਇਕ ਰਾਜਨੀਤਿਕ, ਆਰਥਿਕ ਅਤੇ ਸਭਿਆਚਾਰਕ ਪ੍ਰੋਗਰਾਮ ਅਤੇ ਐਲਾਨੀਆਂ ਨੀਤੀ ਵਜੋਂ ਇਹ ਵੀਹਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਤੋਂ ਲੈ ਕੇ ਹੁਣ ਤਕ ਲਗਾਤਾਰ ਤੇਜ਼-ਦਰ-ਤੇਜ਼ ਹੋ ਰਿਹਾ ਹੈ। ਇਸ ਦਾ ਐਲਾਨੀਆਂ ਅਤੇ ਉਭਾਰਿਆ ਜਾ ਰਿਹਾ ਕੇਂਦਰੀ ਮੁੱਦਾ ਗਲੋਬਲ ਵਿਕਾਸ ਅਤੇ ਸੰਸਾਰ ਮੰਡੀ ਦੀ ਸਿਰਜਨਾ ਹੈ।'[2] ਇਸ ਗਲੋਬਲ ਵਿਕਾਸ ਅਤੇ ਵਿਸ਼ਵ ਮੰਡੀ ਦੀ ਵਾਗਡੋਰ ਵਿਕਸਤ ਪੂੰਜੀਵਾਦੀ ਮੁਲਕਾਂ ਦੀਆਂ ਬਹੁ-ਕੌਮੀ ਕੰਪਨੀਆਂ ਦੇ ਹੱਥ ਹੈ। ਇਨ੍ਹਾ ਬਹੁ-ਕੌਮੀ ਕੰਪਨੀਆਂ ਦਾ ਇਕੋ ਇਕ ਮਕਸਦ ਮੁਨਾਫ਼ਾ ਕਮਾਉਣਾ ਹੈ। ਇਸੇ ਲਈ ਇਹ ਵਿਕਾਸਸ਼ੀਲ ਦੇਸ਼ਾਂ ਦੇ ਸੱਭਿਆਚਾਰਾਂ ਵਿਚ ਸੰਚਾਰ ਸਾਧਨਾਂ ਰਾਹੀਂ ਘੁਸਪੈਠ ਕਰਕੇ ਆਪਣਾ ਮਕਸਦ ਪੂਰਾ ਕਰ ਰਹੀਆਂ ਹਨ। ਇਨ੍ਹਾਂ ਬਹੁ-ਕੌਮੀ ਕੰਪਨੀਆਂ ਦੇ ਸੰਚਾਲਕ ਜਾਣਦੇ ਹਨ ਕਿ ਹਰ ਸਮਾਜਕ ਮਨੁੱਖ ਦੀਆਂ ਆਪਣੀਆਂ ਸੱਭਿਆਚਾਰਕ ਜੜ੍ਹਾਂ ਹੁੰਦੀਆਂ ਹਨ, ਜਿਨ੍ਹਾਂ ਨਾਲ ਉਹ ਅਚੇਤ ਜਾਂ ਸੁਚੇਤ ਜੁੜਿਆ ਰਹਿੰਦਾ ਹੈ। ਮਨੁੱਖ ਦੀ ਆਪਣੇ ਸਮਾਜ-ਸਭਿਆਚਾਰ ਨਾਲ ਜੁੜੇ ਰਹਿਣ ਦੀ ਪ੍ਰਵਿਰਤੀ ਹੀ ਬਹੁ-ਕੌਮੀ ਕੰਪਨੀਆਂ ਲਈ ਮੁਨਾਫ਼ੇ ਦਾ ਸਾਧਨ ਬਣਦੀ ਹੈ। ਵਿਸ਼ਵੀਕਰਨ ਦੇ ਦੌਰ ਵਿਚ ਗਿਆਨ-ਵਿਗਿਆਨ, ਅਤਿ-ਵਿਕਸਤ ਆਵਾਜਾਈ ਦੇ ਤੇਜ਼ ਸਾਧਨਾਂ ਅਤੇ ਬਿਜਲਈ ਸੰਚਾਰ ਸਾਧਨਾਂ ਨੇ ਪੂਰੇ ਵਿਸ਼ਵ ਨੂੰ ਸੁੰਗੇੜ ਕੇ ਇਕ 'ਵਿਸ਼ਵੀ ਪਿੰਡ' ਵਿਚ ਬਦਲ ਦਿੱਤਾ ਹੈ। ਇਸ ਵਿਸ਼ਵੀ ਪਿੰਡ ਦੇ ਕੇਂਦਰ ਵਿਚ ਇਕ 'ਵਿਸ਼ਵੀ ਮੰਡੀ' ਵੀ ਹੋਂਦ ਵਿਚ ਆ ਗਈ ਹੈ। ਵਿਸ਼ਵੀ ਮੰਡੀ ਦਾ ਖ਼ਾਸਾ ਕਿਉਂਕਿ ਮੁਨਾਫ਼ੇ ਨਾਲ ਜੁੜਿਆ ਹੋਇਆ ਹੈ। ਇਸ ਲਈ ਇਸ ਮੰਡੀ ਦੇ ਝਰੋਖੇ ਵਿਚੋਂ ਹਰ ਵਸਤੂ ਅਤੇ ਵਰਤਾਰੇ ਨੂੰ ਕਾਰੋਬਾਰੀ ਅੱਖ ਨਾਲ ਵੇਖਿਆ

ਜਾਂਦਾ ਹੈ। ਵਧੇਰੇ ਮੁਨਾਫ਼ਾ ਕਮਾਉਣ ਦੀ ਲਾਲਸਾ ਤਹਿਤ ਬਹੁ-ਕੌਮੀ ਕੰਪਨੀਆਂ ਦੇ ਪੂੰਜੀਪਤੀ ਸੰਚਾਲਕ ਮੀਡੀਏ ਦਾ ਸਹਾਰਾ ਲੈ ਰਹੇ ਹਨ। 'ਮੀਡੀਆ ਇਕ ਸ਼ਕਤੀਸ਼ਾਲੀ ਤਾਕਤ ਹੈ। ਇਸ ਖੇਤਰ ਵਿਚ ਬਹੁਕੌਮੀ ਕੰਪਨੀਆਂ ਦੀ ਲਾਗਤ ਅਸੀਮ ਹੈ। ਵਿਸ਼ਵੀਕਰਨ ਦੇ ਨਜ਼ਰੀਏ ਤੋਂ ਵਸੋਂ, ਮੰਡੀ ਤੇ ਮੰਡੀ ਨਾਲ ਜੁੜੇ ਸੂਚਨਾ-ਸਰੋਤਾਂ ਉਤੇ ਕਬਜ਼ਾ ਨਿਹਾਇਤ ਜ਼ਰੂਰੀ ਹੈ। ਸੰਚਾਰ-ਸਾਧਨਾਂ ਵਿਚ ਵਾਧੇ ਨਾਲ ਪੈਗਾਮ ਪੇਤਲਾ ਵੀ ਹੋਇਆ ਹੈ। ਹਲਕੇ, ਅਸ਼ਲੀਲ, ਹਿੰਸਕ ਤੇ ਕਲਾਹੀਣ ਪ੍ਰੋਗਰਾਮਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਉਪਭੋਗਤਾਵਾਦ ਦਾ ਬੋਲਬਾਲਾ ਹੈ।'[3] ਬਹੁ-ਕੌਮੀ ਕੰਪਨੀਆਂ ਮੀਡੀਆ ਤੇ ਸੰਚਾਰ ਸਾਧਨਾਂ ਰਾਹੀਂ ਲੋਕਾਂ ਦੀਆਂ ਉਪਭੋਗੀ ਬਿਰਤੀਆਂ ਨੂੰ ਭੜਕਾ ਰਹੀਆਂ ਹਨ। ਭੜਕੀਆਂ ਹੋਈਆਂ ਉਪਭੋਗੀ ਬਿਰਤੀਆਂ ਦੇ ਮੱਕੜਜਾਲ ਵਿਚ ਫਸਿਆ ਮੱਧਵਰਗੀ ਬੰਦਾ ਬੌਂਦਲਿਆ ਫਿਰਦਾ ਹੈ। ਪੁਸਤਕਾਂ, ਅਖਬਾਰਾਂ, ਮੈਗਜ਼ੀਨਾਂ, ਰੇਡੀਓ, ਟੈਲੀਵਿਜ਼ਨ ਦੇ ਵਿਭਿੰਨ ਚੈਨਲ, ਫਿਲਮਾਂ, ਕੰਪਿਊਟਰ, ਮੋਬਾਇਲ, ਇੰਟਰਨੈਟ ਤੇ ਹੋਰ ਬਿਜਲਈ ਸੰਚਾਰ ਸਾਧਨ ਸਮੁੱਚੀ ਦੁਨੀਆਂ ਦੇ ਜੀਵਨ ਵਿਹਾਰ ਨੂੰ ਬੜੀ ਤੇਜੀ ਨਾਲ ਤਬਦੀਲ ਕਰ ਰਹੇ ਹਨ। ਅੱਜ ਦਾ ਬਹੁਤਾ ਮੀਡੀਆ (ਪ੍ਰਿੰਟ ਤੇ ਇਲੈਕਟ੍ਰੌਨਿਕ) ਵਿਦਵਾਨ ਸੰਪਾਦਕਾਂ ਜਾਂ ਕੁਸ਼ਲ ਨਿਰਦੇਸ਼ਕਾਂ ਦੁਆਰਾ ਨਹੀਂ ਚਲਾਇਆ ਜਾ ਰਿਹਾ ਸਗੋਂ ਇਸ ਨੂੰ ਬਹੁ-ਕੌਮੀ ਕੰਪਨੀਆਂ ਚਲਾ ਰਹੀਆਂ ਹਨ। ਬਹੁ-ਕੌਮੀ ਕੰਪਨੀਆਂ ਦੇ ਪੂੰਜੀਪਤੀ ਮਾਲਕਾਂ ਦੁਆਰਾ ਆਪਣੀਆਂ ਵਸਤਾਂ ਨੂੰ ਮੰਡੀ ਵਿਚ ਵੇਚਣ ਲਈ ਮੀਡੀਆ ਉਤੇ ਕੰਟਰੋਲ ਕਰਕੇ ਮੀਡੀਆ ਰਾਹੀਂ ਇਕ ਅਜਿਹਾ ਭ੍ਰਾਂਤੀ ਮੂਲਕ ਸੱਚ ਸਿਰਜਿਆ ਜਾ ਰਿਹਾ ਹੈ ਜਿਸ ਦਾ ਅਸਲੀਅਤ ਨਾਲ ਕੋਈ ਸਰੋਕਾਰ ਨਹੀਂ ਹੈ। ਬਹੁ-ਕੌਮੀ ਕੰਪਨੀਆਂ ਤੀਸਰੀ ਦੁਨੀਆਂ ਦੇ ਭਾਰਤ ਵਰਗੇ ਗ਼ਰੀਬ ਮੁਲਕਾਂ ਦੀਆਂ ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਸਮਝ ਕੇ ਇਕ ਨਵੇਂ ਵਿਸ਼ਵੀ ਸਭਿਆਚਾਰ ਦੀ ਭ੍ਰਾਂਤੀ ਸਿਰਜ ਰਹੀਆਂ ਹਨ। ਵਿਸ਼ਵੀ ਸਭਿਆਚਾਰ ਦੀ ਆੜ ਵਿਚ ਹੀ ਇਹ

ਕੰਪਨੀਆਂ ਵੱਧ ਤੋਂ ਵੱਧ ਮੁਨਾਫ਼ਾ ਕਮਾ ਰਹੀਆਂ ਹਨ ਅਤੇ ਵਿਕਾਸਸ਼ੀਲ ਤੇ ਗਰੀਬ ਦੇਸ਼ ਆਪਣੀਆਂ ਵਿਲੱਖਣ ਸਭਿਆਚਾਰਕ ਪਛਾਣਾਂ ਨੂੰ ਕਾਇਮ ਰੱਖਣ ਲਈ ਜੂਝ ਰਹੇ ਹਨ।

ਵਿਸ਼ਵੀਕਰਨ ਦੇ ਵਰਤਾਰੇ ਨੇ ਪੰਜਾਬੀ ਸਭਿਆਚਾਰ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ। ਇਸ ਵਰਤਾਰੇ ਤਹਿਤ ਪੰਜਾਬੀ ਸਭਿਆਚਾਰ ਦਾ ਉਦਯੋਗੀਕਰਨ ਹੋਇਆ ਹੈ ਜਿਸ ਦੇ ਫਲਸਰੂਪ ਪੰਜਾਬੀ ਸਭਿਆਚਾਰ ਦੀਆਂ ਨੈਤਿਕ ਕਦਰਾਂ ਕੀਮਤਾਂ ਵਿਚ ਨਿਘਾਰ ਵਾਪਰ ਰਿਹਾ ਹੈ। ਬਹੁ-ਕੌਮੀ ਕੰਪਨੀਆਂ ਨੇ ਹਰ ਜਾਇਜ਼-ਨਾਜਾਇਜ਼ ਤਰੀਕੇ ਨਾਲ ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਨਾਲ ਸੰਬੰਧਿਤ ਇਤਿਹਾਸਕ/ਮਿਥਿਹਾਸਕ ਸਮੱਗਰੀ ਨੂੰ ਤੋੜ-ਮਰੋੜ ਕੇ/ਰੂਪਾਂਤਰਤ ਕਰਕੇ ਆਪਣੀਆਂ ਵਸਤਾਂ ਨੂੰ ਵੇਚਣ ਲਈ ਮੀਡੀਏ ਰਾਹੀਂ ਮੰਡੀ ਵਿਚ ਪਰੋਸਿਆ ਹੈ। ਸਿੱਟੇ ਵਜੋਂ ਮੀਡੀਏ ਰਾਹੀਂ ਇਕ ਅਜਿਹਾ ਵਪਾਰਕ ਜਾਲ ਵਿਛਾਇਆ ਗਿਆ ਹੈ ਜੋ ਬੋਲਾਂ ਦੇ ਪੱਧਰ 'ਤੇ ਤਾਂ ਪੰਜਾਬੀ ਸਭਿਆਚਾਰ ਦੇ ਗੁਣ ਗਾਉਂਦਾ ਹੈ ਪਰੰਤੂ ਫਿਲਮਾਂਕਣ ਦੀ ਪੱਧਰ 'ਤੇ ਬਾਜ਼ਾਰ ਦੇ ਚਿੰਨ੍ਹਾਂ/ਵਸਤਾਂ ਨੂੰ ਖਰੀਦਣ ਲਈ ਸਰੋਤੇ/ਦਰਸ਼ਕ/ਪਾਠਕ ਨੂੰ ਗ੍ਰਾਹਕ ਜਾਂ ਉਪਭੋਗਤਾ ਵਜੋਂ ਆਕਰਸ਼ਤ ਕਰਦਾ ਹੈ। ਮੀਡੀਆ ਪੰਜਾਬੀਆਂ ਦੀ ਖੁਲ੍ਹ ਦਿਲੀ/ਦਰਿਆ ਦਿਲੀ ਨੂੰ ਅਜਿਹੇ ਪਦਾਰਥਕ ਸੁਖਾਂ ਦੀ ਜਾਗ ਲਾਉਂਦਾ ਹੈ ਕਿ ਉਹ ਚਮਕਦੇ/ਦਮਕਦੇ ਸ਼ਾਪਿੰਗ ਮਾਲਾਂ/ਸ਼ਾਪਿੰਗ ਕੰਪਲੈਕਸਾਂ ਦੀ ਚਕਾਚੌਂਧ ਵਿਚ ਗਵਾਚਿਆ, ਬਹੁ-ਕੌਮੀ ਕੰਪਨੀਆਂ ਦੇ ਵਿਛਾਏ ਜਾਲ ਵਿਚ ਫਸ ਜਾਂਦਾ ਹੈ। ਸਥਿਤੀ ਦੀ ਵਿਡੰਬਣਾ ਇਹ ਹੈ ਕਿ ਉਸ ਨੂੰ ਆਪਣੇ ਫਸੇ ਹੋਣ ਦਾ ਅਹਿਸਾਸ ਤੱਕ ਨਹੀਂ ਹੋਣ ਦਿੱਤਾ ਜਾਂਦਾ। ਇਹ ਮੁਨਾਫ਼ਾਖੋਰਾਂ ਦਾ ਮਾਇਆ ਜਾਲ ਹੈ ਜਿਸ ਵਿਚ ਉਪਭੋਗੀਆਂ ਨੂੰ ਦੋਵੇਂ ਹੱਥੀਂ ਲੁੱਟਿਆ ਜਾਂਦਾ ਹੈ।

ਵਿਸ਼ਵੀਕਰਨ ਦੇ ਵਰਤਾਰੇ ਤਹਿਤ ਬਹੁ-ਕੌਮੀ ਕੰਪਨੀਆਂ ਦਾ ਹੱਥਠੋਕਾ ਬਣਿਆ ਅਜੋਕਾ ਮੀਡੀਆ ਇਸ ਕਾਰਜ ਨੂੰ ਅਖ਼ਬਾਰਾਂ, ਮੈਗਜ਼ੀਨਾਂ, ਰੇਡੀਓ, ਫ਼ਿਲਮਾਂ, ਮੋਬਾਇਲ, ਇੰਟਰਨੈੱਟ ਤੇ ਟੀ.ਵੀ. ਰਾਹੀਂ ਨੇਪਰੇ ਚਾੜ੍ਹਦਾ ਹੈ। ਟੀ.ਵੀ. ਪੰਜਾਬੀਆਂ ਦੇ ਹਰ ਸੌਣ ਕਮਰੇ ਵਿਚ ਘੁਸਪੈਠ ਕਰ ਗਿਆ ਹੈ ਜਿਥੇ ਉਹ ਪੂੰਜੀਵਾਦੀ ਸਭਿਆਚਾਰ ਦੇ ਮੂਲ ਖ਼ਾਸੇ 'ਪਦਾਰਥਕ ਸਭਿਆਚਾਰ' ਨੂੰ ਪੰਜਾਬੀ ਬੱਚਿਆਂ ਤੋਂ ਲੈ ਕੇ ਅੱਧਖੜ੍ਹ ਬੰਦਿਆਂ ਦੇ ਮਾਨਸਿਕ ਧਰਾਤਲਾਂ ਤੱਕ ਸੰਚਾਰ ਕਰ ਰਿਹਾ ਹੈ। ਬੇਸ਼ੱਕ ਦਰਸ਼ਕਾਂ/ਸਰੋਤਿਆਂ ਦੇ ਹੱਥਾਂ ਵਿਚ ਰਿਮੋਟ ਕੰਟਰੋਲ ਹੋਣ ਕਰਕੇ ਉਹਨਾਂ ਨੂੰ ਮਹਿਸੂਸ ਹੁੰਦਾ ਹੈ ਕਿ ਉਹ ਆਪਣੀ ਮਨ ਮਰਜ਼ੀ ਦੇ ਪ੍ਰੋਗਰਾਮ ਦੇਖਦੇ ਹਨ ਪਰੰਤੂ ਇਹ ਉਹਨਾਂ ਦਾ ਭਰਮ ਹੀ ਹੈ। ਅਸਲੀ ਰਿਮੋਟ ਕੰਟਰੋਲ ਤਾਂ ਉਹਨਾਂ ਬਹੁਕੌਮੀ ਕੰਪਨੀਆਂ ਦੇ ਪੂੰਜੀਪਤੀ ਮਾਲਕਾਂ ਦੇ ਹੱਥ ਵਿਚ ਹੈ ਜਿਹੜੇ, ਜੋ ਚਾਹੁੰਦੇ ਹਨ ਉਹੀ ਪ੍ਰੋਗਰਾਮ ਵਿਖਾਉਂਦੇ ਹਨ। ਇਹ ਪ੍ਰੋਗਰਾਮ ਪੱਛਮੀ ਸਭਿਆਚਾਰ ਦੀ ਜੀਵਨ-ਸ਼ੈਲੀ ਦੀ ਤਰਜ਼ 'ਤੇ ਬਣੇ ਹੁੰਦੇ ਹਨ ਜੋ ਪੰਜਾਬੀ ਬੰਦੇ ਦੀ ਮਾਨਸਿਕਤਾ ਨੂੰ ਗੁਲਾਮ ਕਰਦੇ ਹਨ ਅਤੇ ਉਸਦੇ ਅੰਦਰ ਪਦਾਰਥਕ ਅਕਾਂਖਿਆਵਾਂ ਦਾ ਸੈਲਾਬ ਲੈ ਆਉਂਦੇ ਹਨ। ਅਜਿਹੇ ਅਮੋੜ ਅਕਾਂਖਿਆਵਾਂ ਦੇ ਸੈਲਾਬ ਨੇ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ, ਜਿਸ ਤਹਿਤ ਪੰਜਾਬੀ ਸਭਿਆਚਾਰ ਦੇ ਪ੍ਰਤੀਮਾਨ ਬਦਲਦੇ ਨਜ਼ਰ ਆਉਂਦੇ ਹਨ।

ਵਿਸ਼ਵੀਕਰਨ ਦੇ ਨਾਂ 'ਤੇ ਫੈਲਾਇਆ ਜਾ ਰਿਹਾ ਪੱਛਮੀ ਸਭਿਆਚਾਰ ਪੰਜਾਬੀ ਸਭਿਆਚਾਰ ਨੂੰ ਹਰ ਪੱਧਰ 'ਤੇ ਪ੍ਰਭਾਵਿਤ ਕਰ ਰਿਹਾ ਹੈ। ਟੀ.ਵੀ. ਚੈਨਲਾਂ, ਫਿਲਮਾਂ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਪਰਚਾਰੇ ਤੇ ਪਰਸਾਰੇ ਜਾ ਰਹੇ ਪਹਿਰਾਵਿਆਂ ਨੇ ਪੰਜਾਬੀ ਸਭਿਆਚਾਰ ਦੇ ਲੋਕਾਂ ਦੇ ਮੂਲ ਪਹਿਰਾਵਿਆਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਪੰਜਾਬੀ ਮਰਦ ਕੁੜਤਾ, ਚਾਦਰਾ ਤੇ ਪੱਗ ਨੂੰ ਤਿਲਾਂਜਲੀ ਦੇ ਕੇ ਕੁੜਤਾ-ਪਜਾਮਾ

ਕੁਝ ਹੱਦ ਤੱਕ ਅਤੇ ਜ਼ਿਆਦਾਤਰ ਪੈਟਾਂ-ਸ਼ਰਟਾਂ ਪਾਉਣ ਲੱਗੇ ਹਨ ਤੇ ਉਹ ਵੀ ਦੇਸੀ ਪੰਜਾਬੀ/ਭਾਰਤੀ ਨਹੀਂ ਸਗੋਂ ਵਿਦੇਸ਼ੀ ਕੰਪਨੀਆਂ ਦੀਆਂ ਬਣੀਆਂ ਹੋਈਆਂ। ਉਹ ਬੂਟ ਵੀ ਵਿਦੇਸ਼ੀ ਕੰਪਨੀਆਂ ਦੇ ਹੀ ਪਹਿਨਣ ਲੱਗੇ ਹਨ। ਉਹ ਆਪਣੇ ਸਿਰ ਦੇ ਵਾਲਾਂ ਤੇ ਦਾੜੀ ਦੀ ਕਟਿੰਗ ਐਸੇ ਹਾਸੋ-ਹੀਣੇ ਤਰੀਕੇ ਨਾਲ ਕਰਵਾਉਂਦੇ ਹਨ ਅਤੇ ਡੌਲਿਆਂ 'ਤੇ ਅਜਿਹੇ ਟੈਟੂ ਬਣਵਾਉਂਦੇ ਹਨ ਕਿ ਉਹ ਆਪਣੇ ਆਪ ਦਾ ਤਾਂ ਜਲੂਸ ਕੱਢਦੇ ਹੀ ਹਨ ਨਾਲ ਨਾਲ ਪੰਜਾਬੀ ਬੰਦੇ ਦਾ ਅਕਸ ਵੀ ਖ਼ਰਾਬ ਕਰਦੇ ਹਨ। ਪੰਜਾਬੀ ਕੁੜੀਆਂ ਹੁਣ ਪੰਜਾਬੀ ਸਲਵਾਰ-ਕਮੀਜ਼ ਪਹਿਨਣਾ ਪਸੰਦ ਨਹੀਂ ਕਰਦੀਆਂ ਸਗੋਂ ਫ਼ਿਲਮਾਂ, ਸੀਰੀਅਲਾਂ ਦੀਆਂ ਨਾਇਕਾਵਾਂ ਵਾਂਗ ਜੀਨ-ਟਾਪ ਹੀ ਪਹਿਨਣਾ ਪਸੰਦ ਕਰਦੀਆਂ ਹਨ ਤੇ ਕਈ ਵਾਰ ਤਾਂ ਉਹ ਇਸ ਤੋਂ ਵੀ ਘੱਟ ਕੱਪੜੇ ਪਹਿਨਦੀਆਂ ਹਨ ਕਿਉਂਕਿ ਟੀ.ਵੀ. 'ਤੇ ਇਹ ਮਸ਼ਹੂਰੀਆਂ ਜੋ ਵਿਖਾਈਆਂ ਜਾਂਦੀਆਂ ਹਨ ਕਿ- "ਜਿਤਨਾ ਕਮ ਪਹਿਨਗੋ ਉਤਨਾ ਹੌਟ ਦਿਸੋਗੇ।" ਇਸ ਹੌਟ ਦਿਸਣ ਦੇ ਚੱਕਰਵਿਊ ਵਿਚ ਫਸੀਆਂ ਪੰਜਾਬੀ ਕੁੜੀਆਂ ਕਈ ਵਾਰ ਤਾਂ ਆਪਣਾ ਨੰਗੇਜ਼ ਕੱਜਣ ਲਈ ਕੱਪੜੇ ਨਹੀਂ ਪਹਿਣਦੀਆਂ ਸਗੋਂ ਕੱਪੜਿਆਂ ਦੇ ਚਿੰਨ੍ਹਾਂ ਦਾ ਹੀ ਇਸਤੇਮਾਲ ਕਰਦੀਆਂ ਹਨ।

ਵਿਸ਼ਵੀਕਰਨ ਦੇ ਵਰਤਾਰੇ ਤਹਿਤ ਪ੍ਰਚਾਰਿਆ ਤੇ ਪਰਸਾਰਿਆ ਜਾ ਰਿਹਾ ਹੈ ਪੱਛਮੀ ਸਭਿਆਚਾਰ, ਖਾਣ-ਹੰਢਾਉਣ ਦੀ ਅਜਿਹੀ ਬੇਲੋੜੀ ਲਾਲਸਾ ਪੈਦਾ ਕਰਦਾ ਹੈ ਕਿ ਨਾਰੀ ਦੇਹ ਵਸਤੂ ਵਾਂਗ ਇਸਤੇਮਾਲ ਹੋਣ ਲੱਗਦੀ ਹੈ। ਇਸ ਸੰਬੰਧ ਵਿਚ ਹਾਰ-ਸ਼ਿੰਗਾਰ ਅਤੇ ਪਹਿਰਾਵੇ ਦੀਆਂ ਚੀਜ਼ਾਂ ਤਿਆਰ ਕਰਨ ਵਾਲੀਆਂ ਕੰਪਨੀਆਂ ਲੱਖਾਂ ਖਰਚ ਕੇ ਕਰੋੜਾਂ ਕਮਾਉਂਦੀਆਂ ਹਨ। ਅਜਿਹੀਆਂ ਕੰਪਨੀਆਂ ਔਰਤ ਦੀ ਵਿਅਕਤੀਗਤ ਆਜ਼ਾਦੀ ਦੇ ਨਾਂ 'ਤੇ ਉਸ ਦੀਆਂ ਜਿਸਮਾਨੀ ਦਿਲਕਸ਼ੀਆਂ ਨੂੰ ਵੀ ਪੈਸਾ ਕਮਾਉਣ ਦੇ ਸਾਧਨ ਵਜੋਂ ਵਰਤਦੀਆਂ ਹਨ। ਵਿਸ਼ਵ ਪੱਧਰ 'ਤੇ ਹੁੰਦੇ ਔਰਤਾਂ ਦੇ ਸੁੰਦਰਤਾ ਮੁਕਾਬਲਿਆਂ ਦੀ ਦੇਖਾ-ਦੇਖੀ ਅੱਜ ਕੱਲ੍ਹ ਇਹ ਮੁਕਾਬਲੇ ਪੰਜਾਬ ਦੀਆਂ

ਛੋਟੀਆਂ-ਛੋਟੀਆਂ ਮੰਡੀਆਂ ਵਿਚ ਵੀ ਹੋਣ ਲੱਗੇ ਪਏ ਹਨ ਅਤੇ ਪੰਜਾਬੀ ਮੁਟਿਆਰਾਂ ਦੇ ਮਾਪੇ ਖੁਸ਼ੀ-ਖੁਸ਼ੀ ਆਪਣੀਆਂ ਧੀਆਂ ਨੂੰ ਇਨ੍ਹਾਂ ਮੁਕਾਬਲਿਆਂ ਵਿਚ ਹਿੱਸਾ ਲੈਣ ਲਈ ਭੇਜ ਰਹੇ ਹਨ। ਪੰਜਾਬੀ ਟੀ.ਵੀ. ਚੈਨਲਾਂ 'ਤੇ ਵਿਖਾਏ ਜਾਂਦੇ ਪ੍ਰੋਗਰਾਮਾਂ ਨੂੰ ਇਸੇ ਪਰਿਪੇਖ ਵਿਚ ਵੇਖਿਆ ਜਾ ਸਕਦਾ ਹੈ। ਪਿੰਡਾਂ ਤੇ ਸ਼ਹਿਰਾਂ ਦੀਆਂ ਗਲੀਆਂ/ਮੁਹੱਲਿਆਂ ਵਿਚ ਥਾਂ ਪਰ ਥਾਂ ਖੁੱਲ੍ਹੇ ਬਿਊਟੀ ਪਾਰਲਰ ਤੇ ਮਸਾਜ ਸੈਂਟਰ ਔਰਤ ਦੀ ਸੁੰਦਰਤਾ ਨੂੰ ਨਿਖਾਰਣ ਦੀ ਆੜ੍ਹ ਵਿਚ ਬਹੁਤੇ ਤਾਂ ਦੇਹ ਵਪਾਰ ਦੇ ਅੱਡੇ ਬਣ ਗਏ ਹਨ। ਵਿਸ਼ਵੀ ਵਰਤਾਰੇ ਤਹਿਤ ਪੰਜਾਬੀ ਸਭਿਆਚਾਰ ਦੀ ਖਾਣ-ਪੀਣ ਦੀ ਕਦਰ ਪ੍ਰਣਾਲੀ ਵਿਚ ਢੇਰ ਸਾਰਾ ਬਦਲਾਵ ਆਇਆ ਹੈ। ਬਹੁ-ਕੌਮੀ ਕੰਪਨੀਆਂ ਦਾ ਹਥਿਆਰ ਬਣੇ ਮੀਡੀਏ ਨੇ ਪੰਜਾਬੀ ਸਭਿਆਚਾਰ ਦੇ ਦੇਸੀ ਖਾਣਿਆਂ ਨੂੰ ਹੁਣ ਬੇ-ਸਵਾਦੇ ਕਰਾਰ ਦੇ ਕੇ ਉਹਨਾਂ ਖਾਣਿਆਂ ਦੀ ਥਾਂ ਪੱਛਮੀ ਤਰਜ 'ਤੇ ਬਣੇ ਹੌਟ ਖਾਣਿਆਂ ਨੂੰ ਪੰਜਾਬੀ ਲੋਕਾਂ ਦੇ ਮਨ-ਮਸਤਕ ਵਿਚ ਬੀਜ ਦਿੱਤਾ ਹੈ। ਹੁਣ ਪੰਜਾਬੀ ਲੋਕ ਕਣਕ ਦੀ ਰੋਟੀ ਤੇ ਦਾਲ ਅਤੇ ਮੱਕੀ ਦੀ ਰੋਟੀ ਤੇ ਸਾਗ ਨੂੰ ਤਰਜੀਹ ਨਹੀਂ ਦਿੰਦੇ ਸਗੋਂ ਪੱਛਮੀ ਤਰਜ ਦੇ ਫਾਸਟ ਫੂਡ ਜਿਵੇਂ- ਬਰਗਰ, ਪਿੱਜ਼ੇ, ਨਿਊਡਲਜ਼, ਮੈਗੀ, ਕੁਰਕਰੇ, ਚਿਪਸ ਆਦਿ ਨੂੰ ਬੜੇ ਮਾਣ ਨਾਲ ਖਾਂਦੇ ਹਨ। ਹੁਣ ਜ਼ਿਆਦਾਤਰ ਪੰਜਾਬੀ ਦੁੱਧ-ਲੱਸੀ ਨਹੀਂ ਪੀਂਦੇ ਸਗੋਂ ਵਿਦੇਸ਼ੀ ਕੰਪਨੀਆਂ ਦੇ ਬਣੇ ਕੋਲਡ ਡਰਿਕੰਸ ਜਿਵੇਂ ਪੈਪਸੀ, ਕੋਕਾ-ਕੋਲਾ, ਡਿਊ, ਥਮਜ਼ਪ ਆਦਿ ਬੜੀ ਸ਼ਾਨ ਨਾਲ ਪੀਂਦੇ ਹਨ। ਇਨ੍ਹਾਂ ਖਾਣ-ਪੀਣ ਦੀਆਂ ਵਸਤਾਂ ਤੋਂ ਵਿਦੇਸ਼ੀ ਕੰਪਨੀਆਂ ਹਰ ਰੋਜ਼ ਕਰੋੜਾਂ-ਅਰਬਾਂ ਕਮਾ ਰਹੀਆਂ ਹਨ ਤੇ ਪੰਜਾਬੀ ਲੋਕ ਇਸ ਖਾਣ-ਪੀਣ ਵਾਲੇ ਫਾਸਟ ਫੂਡ ਦੇ ਮੱਕੜ ਜਾਲ ਵਿਚ ਐਸੇ ਫਸੇ ਹਨ ਕਿ ਅਨੇਕ ਬੀਮਾਰੀਆਂ ਸਹੇੜ ਰਹੇ ਹਨ।

ਵਿਸ਼ਵੀਕਰਨ ਦੇ ਅੰਤਰਗਤ ਪੱਛਮੀ ਸਭਿਆਚਾਰ ਦੇ ਇਕ ਤਰਫ਼ਾ ਚਲਦੇ ਤੇਜ਼ ਵਹਾਅ ਨੇ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਵਿਚ ਜਨਮ, ਵਿਆਹ ਤੇ

ਮੌਤ ਨਾਲ ਜੁੜੇ ਰਸਮਾਂ ਰਿਵਾਜਾਂ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਪੰਜਾਬੀ ਬੰਦੇ ਦੀ ਜੀਵਨ-ਸ਼ੈਲੀ ਨਾਲ ਜੁੜੇ ਰਸਮਾਂ-ਰਿਵਾਜ ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਹੈ ਜੋ ਮੰਡੀ ਕਲਚਰ ਦੀ ਭੇਟ ਚੜ੍ਹਦੀ ਜਾ ਰਹੀ ਹੈ। ਹੁਣ ਬੱਚੇ ਦੇ ਜਨਮ ਸਮੇਂ ਲੋਰੀਆਂ ਦੇਣ ਦੇ ਨਾਲ ਨਾਲ ਲੋਕਗੀਤ ਨਹੀਂ ਗਾਏ ਜਾਂਦੇ ਸਗੋਂ ਡੀ.ਜੇ. 'ਤੇ ਚਲਦੇ ਸ਼ੋਰ-ਸ਼ਰਾਬੇ ਵਾਲੇ ਪੌਪ ਗੀਤਾਂ ਦੀਆਂ ਤੇਜ਼ ਧੁਨਾਂ 'ਤੇ ਪੱਛਮੀ ਤਰਜ਼ ਦਾ ਡਿਸਕੋ-ਡਾਨਸ ਕੀਤਾ ਜਾਂਦਾ ਹੈ। ਪੰਜਾਬੀ ਵਿਆਹਾਂ ਵਿਚ ਹੁਣ ਘੋੜੀਆਂ ਤੇ ਸੁਹਾਗ ਨਹੀਂ ਗਾਏ ਜਾਂਦੇ ਤੇ ਨਾ ਹੀ ਟੱਪਿਆਂ-ਬੋਲੀਆਂ ਨਾਲ ਗਿੱਧਾ-ਭੰਗੜਾ ਪਾਇਆ ਜਾਂਦਾ ਹੈ ਸਗੋਂ ਪੱਛਮੀ ਪੌਪ ਗੀਤਾਂ ਦੀ ਟੋਨ 'ਤੇ ਬਣੇ ਰੀਮਿਕਸ ਸ਼ੋਰ ਸ਼ਰਾਬੇ ਵਾਲੇ ਹਿੰਦੀ ਤੇ ਪੰਜਾਬੀ ਗੀਤਾਂ 'ਤੇ ਡਿਸਕੋ-ਡਾਨਸ ਅਤੇ ਬਰੇਕ-ਡਾਨਸ ਕੀਤਾ ਜਾਂਦਾ ਹੈ ਜਿਸ ਵਿਚੋਂ ਅਸ਼ਲੀਲਤਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਹੁਣ ਵਿਆਹ ਵੀ ਘਰਾਂ ਵਿਚ ਸਾਦ-ਮੁਰਾਦੇ ਢੰਗ ਨਾਲ ਨਹੀਂ ਕੀਤੇ ਜਾਂਦੇ ਸਗੋਂ ਝੂਠੀ ਸ਼ਾਨੋ-ਸ਼ੌਕਤ ਲਈ ਪੂੰਜੀਪਤੀਆਂ ਵਲੋਂ ਉਸਾਰੇ ਮੈਰਿਜ-ਪੈਲਿਸ ਸਭਿਆਚਾਰ ਅਨੁਸਾਰ ਕੀਤੇ ਜਾਂਦੇ ਹਨ। ਇਨ੍ਹਾਂ ਵਿਆਹਾਂ 'ਤੇ ਲੱਖਾਂ ਰੁਪਿਆ ਝੂਠੀ ਸ਼ਾਨ ਲਈ ਹੀ ਪਾਣੀ ਵਾਂਗ ਵਹਾਅ ਦਿੱਤਾ ਜਾਂਦਾ ਹੈ। ਪੈਲਿਸਾਂ ਵਿਚ ਕੀਤੇ ਜਾਂਦੇ ਵਿਆਹਾਂ ਨੇ ਪੰਜਾਬੀ ਲੋਕ ਗੀਤਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ ਤੇ ਆਰਕੈਸਟਰਾ ਨੇ ਡਿਸਕੋ-ਡਾਨਸ, ਬਰੇਕ ਡਾਨਸ ਨੂੰ ਕੇਂਦਰ ਵਿਚ ਲੈ ਆਂਦਾ ਹੈ। ਆਰਕੈਸਟਰਾ ਕੁੜੀਆਂ ਘੱਟ ਕੱਪੜੇ ਪਾ ਕੇ ਪੱਛਮੀ ਗੀਤਾਂ ਦੀ ਤਰਜ਼ 'ਤੇ ਬਣੇ ਦੋਗਲੇ ਪੰਜਾਬੀ/ਹਿੰਦੀ ਅਸ਼ਲੀਲ ਤੇ ਦੂਹਰੇ ਅਰਥਾਂ ਵਾਲੇ ਗੀਤਾ 'ਤੇ ਅਸ਼ਲੀਲ ਕਾਮੁਕ ਆਦਾਵਾਂ ਕਰਦੀਆਂ ਹਨ ਜਿਸ ਨਾਲ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਵਿਚ ਅਸ਼ਲੀਲਤਾ ਪੱਸਰਦੀ ਹੈ।

ਵਿਸ਼ਵੀਕਰਨ ਦੇ ਦੌਰ ਵਿਚ ਪੰਜਾਬੀ ਸਭਿਆਚਾਰ ਦੇ ਰਸਮਾਂ-ਰਿਵਾਜਾਂ ਦੇ ਨਾਲ-ਨਾਲ ਪੰਜਾਬੀ ਲੋਕਾਂ ਦੇ ਮਨੋਰੰਜਨ ਦੇ ਸਾਧਨ ਵੀ ਬਦਲ ਗਏ ਹਨ। ਪਹਿਲਾਂ

ਉਹ ਭੰਡਾਂ ਦੀਆਂ ਨਕਲਾਂ, ਲੋਕ-ਗੀਤਾਂ ਅਤੇ ਲੋਕ-ਖੇਡਾਂ ਨਾਲ ਆਪਣਾ ਮਨੋਰੰਜਨ ਕਰਦੇ ਸਨ ਪਰੰਤੂ ਅਜੋਕੇ ਸਮੇਂ ਵਿਚ ਪੈਦਾ ਹੋਏ ਕੋਠੀ ਕਲਚਰ ਨੇ ਘਰਾਂ ਨੂੰ ਬੰਗਲਿਆਂ ਵਿਚ ਤਬਦੀਲ ਕਰ ਦਿੱਤਾ ਹੈ। 'ਪੰਜਾਬੀ ਲੋਕਾਂ ਨੇ ਕੋਠੀ-ਕਲਚਰ ਨੂੰ ਪ੍ਰਵਾਨ ਕਰ ਲਿਆ ਹੈ ਤਾਂ ਇਨ੍ਹਾਂ ਕੋਠੀਆਂ ਵਿਚ ਟੀ.ਵੀ., ਟੈਲੀਫੋਨ, ਮੋਬਾਇਲ ਅਤੇ ਆਟੋ-ਮੋਬਾਇਲ ਵੀ ਪਹੁੰਚ ਗਏ ਹਨ।'[4] ਹਰ ਪਰਿਵਾਰਕ ਮੈਂਬਰ ਦਾ ਆਪਣਾ ਸੌਣ ਕਮਰਾ ਬਣ ਗਿਆ ਹੈ ਤੇ ਉਸ ਸੌਣ ਕਮਰੇ ਵਿਚ ਹਰ ਮੈਂਬਰ ਦਾ ਆਪਣਾ ਟੀ.ਵੀ. ਹੈ ਜਿਸ ਰਾਹੀਂ ਉਹ ਬਹੁ-ਕੌਮੀ ਕੰਪਨੀਆਂ ਰਾਹੀਂ ਪਰੋਸੇ ਜਾ ਰਹੇ ਪ੍ਰੋਗਰਾਮਾਂ ਦੀ ਪੈਦਾ ਕੀਤੀ ਜ਼ਿਹਨੀ ਗੁਲਾਮੀ ਦੀ ਗਰਿਫ਼ਤ ਵਿਚ ਆਇਆ ਲਾਚਾਰ ਹੋ ਕੇ ਬੈਠਾ ਰਹਿੰਦਾ ਹੈ। ਟੀ.ਵੀ. 'ਤੇ ਵਿਖਾਏ ਜਾਣ ਵਾਲੇ ਪ੍ਰੋਗਰਾਮਾਂ ਵਿਚ ਸੁਣਾਉਣ ਨਾਲੋਂ ਵਿਖਾਉਣ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਕੰਨ-ਰਸ ਨਾਲੋਂ ਅੱਖ-ਰਸ 'ਤੇ ਜ਼ੋਰ ਦਿੱਤਾ ਜਾਂਦਾ ਹੈ। ਟੀ.ਵੀ. ਚੈਨਲਾਂ 'ਤੇ ਚਲਾਏ ਜਾਂਦੇ ਗੀਤਾਂ, ਸੀਰੀਅਲਾਂ, ਰੀਐਲਟੀ ਸ਼ੋਆਂ ਵਿਚ ਔਰਤਾਂ ਨੂੰ ਚਿਕਨੇ ਬਦਨ ਨਾਲ ਕਾਮੁਕ ਇੱਲਤਾਂ ਕਰਦੀਆਂ ਹੋਈਆਂ ਪੇਸ਼ ਕੀਤਾ ਜਾਂਦਾ ਹੈ। ਲੜੀਵਾਰ ਨਾਟਕਾਂ ਦੀਆਂ ਨਾਇਕਾਵਾਂ ਨੂੰ ਸੱਜੀਆਂ-ਧੱਜੀਆਂ, ਘਰੇਲੂ ਹਿੰਸਾ ਵਿਚ ਭੂਮਿਕਾ ਨਿਭਾਉਂਦੀਆਂ ਵਿਖਾ ਕੇ ਪੰਜਾਬੀ ਪਰਿਵਾਰਾਂ ਵਿਚ ਤਿੜਕਣ ਪੈਦਾ ਕੀਤੀ ਜਾ ਰਹੀ ਹੈ। ਇਹਨਾਂ ਨਾਟਕਾਂ/ਸੀਰੀਅਲਾਂ ਵਿਚ ਵਿਖਾਏ ਜਾਂਦੇ ਵੱਡੇ-ਵੱਡੇ ਘਰ, ਖ਼ੂਬਸੂਰਤ ਰਸੋਈਆਂ, ਮਹਿੰਗਾ ਫਰਨੀਚਰ ਤੇ ਹੋਰ ਘਰੇਲੂ ਵਰਤੋਂ ਦਾ ਸਮਾਨ ਇਸ ਤਰ੍ਹਾਂ ਦਰਸ਼ਕਾਂ ਸਾਹਮਣੇ ਪਰੋਸਿਆ ਜਾਂਦਾ ਹੈ ਕਿ ਪੰਜਾਬੀ ਔਰਤਾਂ ਤੇ ਮਰਦਾਂ ਅੰਦਰ ਇਸ ਸਭ ਕਾਸੇ ਨੂੰ ਪ੍ਰਾਪਤ ਕਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ। ਇਨ੍ਹਾਂ ਬੇਰੋਕ ਇੱਛਾਵਾਂ/ਅਕਾਂਖਿਆਂਵਾਂ ਦੀ ਗਰਿਫ਼ਤ ਵਿਚ ਆਇਆ ਪੰਜਾਬੀ ਬੰਦਾ ਇਨ੍ਹਾਂ ਦੀ ਪੂਰਤੀ ਕਰਨ ਲਈ ਹਰ ਹਰਬਾ ਵਰਤਦਾ ਹੈ। ਇਸੇ ਕਰਕੇ ਪੰਜਾਬੀ ਸਮਾਜ-ਸਭਿਆਚਾਰ ਵਿਚ ਚੋਰੀ, ਠੱਗੀ, ਰਿਸ਼ਵਤਖੋਰੀ, ਧੋਖਾ, ਕਮੀਨਗੀ ਵਰਗੀਆਂ ਅਲਾਮਤਾਂ ਵਧਦੀਆਂ ਜਾ ਰਹੀਆਂ ਹਨ।

ਉਹ ਭੰਡਾਂ ਦੀਆਂ ਨਕਲਾਂ, ਲੋਕ-ਗੀਤਾਂ ਅਤੇ ਲੋਕ-ਖੇਡਾਂ ਨਾਲ ਆਪਣਾ ਮਨੋਰੰਜਨ ਕਰਦੇ ਸਨ ਪਰੰਤੂ ਅਜੋਕੇ ਸਮੇਂ ਵਿਚ ਪੈਦਾ ਹੋਏ ਕੋਠੀ ਕਲਚਰ ਨੇ ਘਰਾਂ ਨੂੰ ਬੰਗਲਿਆਂ ਵਿਚ ਤਬਦੀਲ ਕਰ ਦਿੱਤਾ ਹੈ। 'ਪੰਜਾਬੀ ਲੋਕਾਂ ਨੇ ਕੋਠੀ-ਕਲਚਰ ਨੂੰ ਪ੍ਰਵਾਨ ਕਰ ਲਿਆ ਹੈ ਤਾਂ ਇਨ੍ਹਾਂ ਕੋਠੀਆਂ ਵਿਚ ਟੀ.ਵੀ., ਟੈਲੀਫੋਨ, ਮੋਬਾਇਲ ਅਤੇ ਆਟੋ-ਮੋਬਾਇਲ ਵੀ ਪਹੁੰਚ ਗਏ ਹਨ।'[4] ਹਰ ਪਰਿਵਾਰਕ ਮੈਂਬਰ ਦਾ ਆਪਣਾ ਸੌਣ ਕਮਰਾ ਬਣ ਗਿਆ ਹੈ ਤੇ ਉਸ ਸੌਣ ਕਮਰੇ ਵਿਚ ਹਰ ਮੈਂਬਰ ਦਾ ਆਪਣਾ ਟੀ.ਵੀ. ਹੈ ਜਿਸ ਰਾਹੀਂ ਉਹ ਬਹੁ-ਕੌਮੀ ਕੰਪਨੀਆਂ ਰਾਹੀਂ ਪਰੋਸੇ ਜਾ ਰਹੇ ਪ੍ਰੋਗਰਾਮਾਂ ਦੀ ਪੈਦਾ ਕੀਤੀ ਜ਼ਿਹਨੀ ਗੁਲਾਮੀ ਦੀ ਗਰਿਫ਼ਤ ਵਿਚ ਆਇਆ ਲਾਚਾਰ ਹੋ ਕੇ ਬੈਠਾ ਰਹਿੰਦਾ ਹੈ। ਟੀ.ਵੀ. 'ਤੇ ਵਿਖਾਏ ਜਾਣ ਵਾਲੇ ਪ੍ਰੋਗਰਾਮਾਂ ਵਿਚ ਸੁਣਾਉਣ ਨਾਲੋਂ ਵਿਖਾਉਣ 'ਤੇ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਕੰਨ-ਰਸ ਨਾਲੋਂ ਅੱਖ-ਰਸ 'ਤੇ ਜ਼ੋਰ ਦਿੱਤਾ ਜਾਂਦਾ ਹੈ। ਟੀ.ਵੀ. ਚੈਨਲਾਂ 'ਤੇ ਚਲਾਏ ਜਾਂਦੇ ਗੀਤਾਂ, ਸੀਰੀਅਲਾਂ, ਰੀਐਲਟੀ ਸ਼ੋਆਂ ਵਿਚ ਔਰਤਾਂ ਨੂੰ ਚਿਕਨੇ ਬਦਨ ਨਾਲ ਕਾਮੁਕ ਇੱਲਤਾਂ ਕਰਦੀਆਂ ਹੋਈਆਂ ਪੇਸ਼ ਕੀਤਾ ਜਾਂਦਾ ਹੈ। ਲੜੀਵਾਰ ਨਾਟਕਾਂ ਦੀਆਂ ਨਾਇਕਾਵਾਂ ਨੂੰ ਸੱਜੀਆਂ-ਧੱਜੀਆਂ, ਘਰੇਲੂ ਹਿੰਸਾ ਵਿਚ ਭੂਮਿਕਾ ਨਿਭਾਉਂਦੀਆਂ ਵਿਖਾ ਕੇ ਪੰਜਾਬੀ ਪਰਿਵਾਰਾਂ ਵਿਚ ਤਿੜਕਣ ਪੈਦਾ ਕੀਤੀ ਜਾ ਰਹੀ ਹੈ। ਇਹਨਾਂ ਨਾਟਕਾਂ/ਸੀਰੀਅਲਾਂ ਵਿਚ ਵਿਖਾਏ ਜਾਂਦੇ ਵੱਡੇ-ਵੱਡੇ ਘਰ, ਖ਼ੂਬਸੂਰਤ ਰਸੋਈਆਂ, ਮਹਿੰਗਾ ਫਰਨੀਚਰ ਤੇ ਹੋਰ ਘਰੇਲੂ ਵਰਤੋਂ ਦਾ ਸਮਾਨ ਇਸ ਤਰ੍ਹਾਂ ਦਰਸ਼ਕਾਂ ਸਾਹਮਣੇ ਪਰੋਸਿਆ ਜਾਂਦਾ ਹੈ ਕਿ ਪੰਜਾਬੀ ਔਰਤਾਂ ਤੇ ਮਰਦਾਂ ਅੰਦਰ ਇਸ ਸਭ ਕਾਸੇ ਨੂੰ ਪ੍ਰਾਪਤ ਕਰਨ ਦੀ ਤਾਂਘ ਪੈਦਾ ਹੋ ਜਾਂਦੀ ਹੈ। ਇਨ੍ਹਾਂ ਬੇਰੋਕ ਇੱਛਾਵਾਂ/ਅਕਾਂਖਿਆਂਵਾਂ ਦੀ ਗਰਿਫ਼ਤ ਵਿਚ ਆਇਆ ਪੰਜਾਬੀ ਬੰਦਾ ਇਨ੍ਹਾਂ ਦੀ ਪੂਰਤੀ ਕਰਨ ਲਈ ਹਰ ਹਰਬਾ ਵਰਤਦਾ ਹੈ। ਇਸੇ ਕਰਕੇ ਪੰਜਾਬੀ ਸਮਾਜ-ਸਭਿਆਚਾਰ ਵਿਚ ਚੋਰੀ, ਠੱਗੀ, ਰਿਸ਼ਵਤਖੋਰੀ, ਧੋਖਾ, ਕਮੀਨਗੀ ਵਰਗੀਆਂ ਅਲਾਮਤਾਂ ਵਧਦੀਆਂ ਜਾ ਰਹੀਆਂ ਹਨ।

ਪੂੰਜੀਵਾਦੀ ਵਰਗ ਦੀ ਮੁਨਾਫ਼ਾਖੋਰੀ ਬਿਰਤੀ ਤਹਿਤ ਪੰਜਾਬੀ ਚੈਨਲਾਂ 'ਤੇ ਵਿਖਾਏ ਜਾਂਦੇ ਮਾਰਧਾੜ ਤੇ ਨਸ਼ੇ ਕਰਨ ਵਾਲੇ ਗੀਤਾਂ ਨੇ ਪੰਜਾਬੀ ਗੱਭਰੂਆਂ ਤੇ ਮੁਟਿਆਰਾਂ ਨੂੰ ਕੁਰਾਹੇ ਪਾ ਦਿੱਤਾ ਹੈ। 'ਅਜੋਕੇ ਸਮੇਂ ਬਹੁਤੇ ਗੀਤਾਂ ਅੰਦਰ ਹਿੰਸਕ ਹਮਲੇ, ਬਾਰ੍ਹਾਂ ਬੋਰ (ਗੰਨਾਂ) ਦਾ ਵੇਰਵਾ, ਕੁੜੀਆਂ ਦੇ ਕਾਲਜਾਂ ਅੱਗੇ ਆਸ਼ਕੀ, ਮੋਟਰਾਂ (ਟਿਊਬਵੈੱਲਾਂ) ਉੱਤੇ ਕੱਚ ਦੀ ਗਲਾਸੀ ਖੜਕਾਉਣੀ, ਬੱਕਰੇ ਬੁਲਾਉਣੇ ਜਾਂ ਕਚਹਿਰੀ ਵਿਚ ਗੋਲੀਆਂ ਚਲਾਉਣ ਨੂੰ ਪੰਜਾਬੀਆਂ ਦੇ ਸਭਿਆਚਾਰਕ ਪੱਖ ਦੇ ਤੌਰ 'ਤੇ ਕੁਝ ਜ਼ਿਆਦਾ ਹੀ ਉਜਾਗਰ ਕੀਤਾ ਜਾ ਰਿਹਾ ਹੈ।'[5] ਬਹੁਤ ਸਾਰੇ ਗੀਤਾਂ ਤੇ ਫਿਲਮਾਂ ਵਿਚ ਪੰਜਾਬੀਆਂ ਨੂੰ ਇਉਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਇਹ ਕੌਮ ਨਸ਼ੇੜੀ ਹੋਵੇ, ਵੈਲੀ ਹੋਵੇ, ਨਿਕੰਮੀ ਹੋਵੇ ਤੇ ਇਸ ਤੋਂ ਵੀ ਅਗਾਂਹ ਹਿੰਦੀ ਫਿਲਮਾਂ/ਸੀਰੀਅਲਾਂ ਵਿਚ ਤਾਂ ਪੰਜਾਬੀਆਂ ਨੂੰ ਹਾਸੋਹੀਣੇ ਪਾਤਰ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਇਹ ਸਭ ਕੁਝ ਸੋਚੀ-ਸਮਝੀ ਸਾਜਿਸ਼ ਤਹਿਤ ਹੀ ਕੀਤਾ ਜਾ ਰਿਹਾ ਹੈ ਤਾਂ ਕਿ ਪੰਜਾਬੀ ਸਭਿਆਚਾਰ ਦੇ ਅਮੀਰ ਵਿਰਸੇ ਨੂੰ ਢਾਅ ਲਾਈ ਜਾ ਸਕੇ।

ਵਿਸ਼ਵੀਕਰਨ ਦੇ ਅੰਤਰਗਤ ਬਹੁ-ਕੌਮੀ ਕੰਪਨੀਆਂ ਦੁਆਰਾ ਟੀ.ਵੀ. ਚੈਨਲਾਂ ਰਾਹੀਂ ਪਰੋਸੇ ਜਾ ਰਹੇ ਪੱਛਮੀ ਤਰਜ਼ ਦੇ ਸਭਿਆਚਾਰ ਅਤੇ ਫੁਕਰਿਆਂ ਦੇ ਗੀਤਾਂ ਨੇ ਨੌਜਵਾਨ ਪੰਜਾਬੀਆਂ ਨੂੰ ਹੀ ਕੁਰਾਹੇ ਨਹੀਂ ਪਾਇਆ ਸਗੋਂ ਪੂਰੇ ਵਿਸ਼ਵ ਵਿਚ ਪੰਜਾਬੀਆਂ ਦੇ ਅਕਸ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ ਵਿਚ ਵੱਡੀਆਂ ਤਰੇੜਾਂ, ਤਿੜਕਣਾਂ ਪੈਦਾ ਹੋ ਰਹੀਆਂ ਹਨ। ਪੰਜਾਬੀਆਂ ਵਿਚ ਮੋਹ. ਪਿਆਰ ਤੇ ਇਜ਼ਤ-ਵਿਸ਼ਵਾਸ ਦੇ ਰਿਸ਼ਤੇ ਪਦਾਰਥਵਾਦੀ ਬਿਰਤੀ ਤਹਿਤ ਗਰਜਾਂ ਦੇ ਰਿਸ਼ਤਿਆਂ ਵਿਚ ਬਦਲ ਗਏ ਹਨ। ਪਰਿਵਾਰਕ ਰਿਸ਼ਤਿਆਂ ਵਿਚ ਪੈਦਾ ਹੋਏ ਸਵਾਰਥਾਂ ਨੇ ਪੰਜਾਬੀ ਸਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਲਈ ਭਰਾ-ਭਰਾ ਨੂੰ ਕਤਲ ਕਰ ਰਿਹਾ ਹੈ,

ਪੁੱਤ, ਪਿਉ ਨੂੰ ਕਤਲ ਕਰ ਰਿਹਾ ਹੈ। ਧੀਆਂ-ਭੈਣਾਂ ਨਾਲ ਬਲਾਤਕਾਰ ਕੀਤੇ ਜਾ ਰਹੇ ਹਨ। ਪੰਜਾਬੀ ਸਭਿਆਚਾਰ ਦੀ ਕੇਂਦਰੀ ਕਦਰ ਪ੍ਰਣਾਲੀ "ਨਾਮ ਜਪੋ, ਕਿਰਤ ਕਰੋ, ਵੰਡ ਛਕੋ" ਪੰਜਾਬੀ ਜੀਵਨ-ਜਾਚ ਵਿਚੋਂ ਮਨਫ਼ੀ ਹੋ ਗਈ ਹੈ। ਕਿਸੇ ਵੀ ਜ਼ਾਇਜ਼/ਨਾਜ਼ਾਇਜ਼ ਤਰੀਕੇ ਨਾਲ ਪਦਾਰਥ ਇਕੱਠੇ ਕੀਤੇ ਜਾ ਰਹੇ ਹਨ। ਸੰਯੁਕਤ ਪਰਿਵਾਰ ਦੀ ਥਾਂ ਇਕਹਿਰੇ ਪਰਿਵਾਰ ਹੋਂਦ ਵਿਚ ਆ ਰਹੇ ਹਨ ਜਿਨ੍ਹਾਂ ਵਿਚ ਬਜ਼ੁਰਗਾਂ ਦੀ ਹਾਲਤ ਬਹੁਤ ਤਰਸਯੋਗ ਹੋ ਗਈ ਹੈ। ਘਰ ਦੀਆਂ ਪੁਰਾਣੀਆਂ ਵਸਤਾਂ ਵਾਂਗ ਨਵੀਂ ਪੀੜ੍ਹੀ ਦੇ ਮੁੰਡੇ-ਕੁੜੀਆਂ ਬਜ਼ੁਰਗਾਂ ਨੂੰ ਘਰੋਂ ਬਾਹਰ ਸੁੱਟਣਾ ਲੋਚਦੇ ਹਨ।

ਹਰ ਸਮਾਜ ਸਭਿਆਚਾਰ ਨੂੰ ਜਿਉਂਦਾ ਰੱਖਣ ਵਿਚ ਉਸ ਖਿੱਤੇ ਦੀ ਭਾਸ਼ਾ ਦਾ ਅਹਿਮ ਯੋਗਦਾਨ ਹੁੰਦਾ ਹੈ ਪਰੰਤੂ ਪੰਜਾਬੀ ਸਭਿਆਚਾਰ ਦਾ ਸੰਕਟ ਇਹ ਹੈ ਕਿ ਪੰਜਾਬ ਦੇ ਮੱਧਵਰਗੀ ਲੋਕ ਵਿਸ਼ਵੀਕਰਨ ਦੇ ਵਰਤਾਰੇ ਦੀ ਚਕਾਚੌਂਧ ਦੇ ਐਸੇ ਭੰਬਲ ਭੂਸੇ ਵਿਚ ਫਸੇ ਹਨ ਕਿ ਪੰਜਾਬੀ ਭਾਸ਼ਾ ਵਿਚ ਉਹਨਾਂ ਦਾ ਮੋਹ ਭੰਗ ਹੋ ਰਿਹਾ ਹੈ। ਉਹ ਅੰਗਰੇਜ਼ੀ ਜਾਂ ਹਿੰਦੀ ਬੋਲਣਾ ਜ਼ਿਆਦਾ ਪਸੰਦ ਕਰਦੇ ਹਨ ਕਿਉਂਕਿ ਮੀਡੀਏ ਰਾਹੀਂ ਇਹਨਾਂ ਭਾਸ਼ਾਵਾਂ ਨੂੰ ਵਰਤਿਆ ਜਾ ਰਿਹਾ ਹੈ। ਹੋਰ ਤਾਂ ਹੋਰ ਟੀ.ਵੀ. 'ਤੇ ਚੱਲਣ ਵਾਲੇ ਪੰਜਾਬੀ ਪ੍ਰੋਗਰਾਮਾਂ ਵਿਚ ਵੀ ਅੱਸੀ ਫੀਸਦੀ ਅੰਗਰੇਜ਼ੀ ਬੋਲੀ ਜਾਂਦੀ ਹੈ ਤੇ ਇੱਥੋਂ ਤੱਕ ਕਿ ਪੰਜਾਬੀ ਖ਼ਬਰਾਂ ਵਿਚ ਵੀ ਟੀ.ਵੀ. ਦੀ ਸਕਰੀਨ 'ਤੇ ਆਉਂਦੀਆਂ ਮੁੱਖ ਖ਼ਬਰਾਂ ਦੇ ਸ਼ਬਦ ਵੀ ਗ਼ਲਤ ਛਪੇ ਹੋਏ ਆ ਰਹੇ ਹੁੰਦੇ ਹਨ। ਇਸ ਤੋਂ ਸਾਡੇ ਪੰਜਾਬੀ ਮੀਡੀਏ ਅਤੇ ਚੈਨਲ ਚਲਾ ਰਹੇ ਅਧਿਕਾਰੀਆਂ ਦੀ ਪੰਜਾਬੀ ਭਾਸ਼ਾ ਪ੍ਰਤੀ ਗ਼ੈਰ-ਸੰਜੀਦਗੀ ਜੱਗ ਜ਼ਾਹਰ ਹੁੰਦੀ ਹੈ। ਮੀਡੀਏ ਦੁਆਰਾ ਪਰਚਾਰੀ ਤੇ ਪਰਸਾਰੀ ਜਾ ਰਹੀ ਅੰਗਰੇਜ਼ੀ ਦੇ ਪ੍ਰਭਾਵ ਤਹਿਤ ਮੱਧ ਵਰਗੀ ਲੋਕ ਆਪਣੇ ਆਪ ਨੂੰ ਅਖੌਤੀ ਫਾਰਵਰਡ/ਸਭਿਅਕ ਦਰਸਾਉਣ ਲਈ ਗਾਹੇ-ਬ-ਗਾਹੇ ਅੰਗਰੇਜ਼ੀ ਨੂੰ ਪੁੱਠਾ-ਸਿੱਧਾ ਮੂੰਹ ਮਾਰਦੇ ਹਨ ਪਰੰਤੂ ਉਨ੍ਹਾਂ ਦਾ ਸੰਕਟ ਇਹ ਹੈ ਕਿ ਨਾ ਤਾਂ ਉਨ੍ਹਾਂ ਨੂੰ ਪੂਰੀ ਪੰਜਾਬੀ ਆਉਂਦੀ ਹੈ ਤੇ ਨਾ ਹੀ

ਪੂਰੀ ਅੰਗਰੇਜ਼ੀ। ਉਨ੍ਹਾਂ ਦੀ ਹਾਲਤ ਤਾਂ 'ਧੋਬੀ ਦਾ ਕੁੱਤਾ ਨਾ ਘਰ ਦਾ ਨਾ ਘਾਟ ਦਾ' ਵਾਲੀ ਹੋਈ ਪਈ ਹੈ। ਟੀ.ਵੀ. 'ਤੇ ਚੱਲਣ ਵਾਲੇ ਕਾਰਟੂਨ ਨੈੱਟਵਰਕ ਰਾਹੀਂ ਵੀ ਬੱਚਿਆਂ ਨੂੰ ਅੰਗਰੇਜ਼ੀ ਤੇ ਹਿੰਦੀ ਦੀ ਕੱਚਘਰੜ ਜਾਣਕਾਰੀ ਦਿੱਤੀ ਜਾ ਰਹੀ ਹੈ ਪਰੰਤੂ ਸਾਡਾ ਪੰਜਾਬੀ ਮੀਡੀਆ ਇਸ ਪਾਸੇ ਵੀ ਅਜੇ ਤੱਕ ਕੋਈ ਤਸੱਲੀਬਖਸ਼ ਯਤਨ ਨਹੀਂ ਕਰ ਸਕਿਆ। ਸਮੇਂ ਦੀਆਂ ਸਰਕਾਰਾਂ ਤੇ ਬੁੱਧੀਜੀਵੀ ਵਰਗ ਵੀ ਇਸ ਵਰਤਾਰੇ ਵੱਲੋਂ ਅਵੇਸਲੇ ਹੀ ਨਜ਼ਰ ਆਉਂਦੇ ਹਨ। ਜਿਸ ਕਰਕੇ ਪੰਜਾਬੀ ਸਭਿਆਚਾਰ ਦੇ ਪਰਚਾਰ ਤੇ ਪਰਸਾਰ ਦੇ ਮੂਲ ਸੋਮੇ ਭਾਸ਼ਾ ਨੂੰ ਵੀ ਸੰਕਟ ਵਿਚੋਂ ਗੁਜਰਨਾ ਪੈ ਰਿਹਾ ਹੈ। ਖਦਸ਼ਾ ਇਹ ਹੈ ਕਿ ਜੇ ਪੰਜਾਬੀ ਭਾਸ਼ਾ ਹੀ ਨਾ ਰਹੀ ਤਾਂ ਪੰਜਾਬੀ ਸਭਿਆਚਾਰ ਕਿਵੇਂ ਰਹੇਗਾ? ਇਸ ਮਸਲੇ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ ਹੈ।

ਨਿਰਸੰਦੇਹ ਪਰਿਵਰਤਨ ਸਭਿਆਚਾਰ ਦਾ ਮੁਢਲਾ ਨਿਯਮ ਹੈ। ਇਹ ਸਮੇਂ ਦੀਆਂ ਸਥਿਤੀਆਂ/ਪ੍ਰਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲਦਾ ਤੇ ਬਦਲਦਾ ਰਹਿੰਦਾ ਹੈ। ਪਰੰਤੂ ਵਿਸ਼ਵੀਕਰਨ ਦੇ ਪਰਿਪੇਖ ਵਿਚ ਪੰਜਾਬੀ ਸਭਿਆਚਾਰ ਵਿਚ ਬਹੁਤ ਸਾਰੇ ਚੰਗੇ ਤੇ ਸਿਫ਼ਤੀ ਪਰਿਵਰਤਨਾਂ ਦੇ ਨਾਲ ਨਾਲ ਬਹੁਤ ਕੁਝ ਮਾੜਾ ਵੀ ਵਾਪਰ ਗਿਆ ਹੈ। ਇਹ ਠੀਕ ਹੈ ਵੱਖ ਵੱਖ ਸਭਿਆਚਾਰਾਂ ਦੇ ਆਪਸੀ ਸੁਮੇਲ ਵਿਚੋਂ ਹੀ ਇਕ ਸਿਹਤਮੰਦ ਸਭਿਆਚਾਰ ਦੀ ਸਿਰਜਨਾ ਹੁੰਦੀ ਹੈ। ਸਭਿਆਚਾਰਕ ਆਦਾਨ-ਪ੍ਰਦਾਨ ਨਾਲ ਵਿਭਿੰਨ ਦੇਸ਼ਾਂ ਦੇ ਲੋਕ ਆਪਸੀ ਤਾਲਮੇਲ ਵਿਚ ਆਉਂਦੇ ਹਨ ਤੇ ਇਕ ਵਿਸ਼ਵੀ ਭਾਈਚਾਰਾ ਹੋਂਦ ਵਿਚ ਆਉਂਦਾ ਹੈ। ਇਸ ਲਈ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਹ ਆਪਣੀ ਮਾਤ ਭਾਸ਼ਾ ਨੂੰ ਆਦਰ, ਸਤਿਕਾਰ ਦਿੰਦੇ ਹੋਏ ਆਪਣੇ ਸੱਭਿਆਚਾਰ ਦੀਆਂ ਚੰਗੀਆਂ ਕਦਰਾਂ-ਕੀਮਤਾਂ ਨੂੰ ਵੀ ਸਾਂਭ ਕੇ ਰੱਖਣ ਤੇ ਦੂਸਰੇ ਦੇਸ਼ਾਂ ਦੇ ਸਭਿਆਚਾਰਾਂ ਤੋਂ ਚੰਗੀਆਂ ਤੇ ਨਰੋਈਆਂ ਕਦਰਾਂ-ਕੀਮਤਾਂ ਨੂੰ ਗ੍ਰਹਿਣ ਕਰਕੇ ਪੰਜਾਬੀ ਸੱਭਿਆਚਾਰ ਨੂੰ ਅਮੀਰ ਬਣਾਉਣ। ਇਨ੍ਹਾਂ ਯਤਨਾਂ ਦੇ ਕਾਰਗਰ ਹੋਣ ਵਿਚ

ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਰੌਸ਼ਨ ਭਵਿੱਖ ਦੀ ਤਸਵੀਰ ਨਜ਼ਰ ਆਉਂਦੀ ਹੈ ਕਿਉਂਕਿ ਪੰਜਾਬੀ ਉਦੋਂ ਤੱਕ ਹੀ ਪੰਜਾਬੀ ਹਨ ਜਦੋਂ ਤੱਕ ਉਹਨਾਂ ਦੀ ਆਪਣੀ ਵਿਲੱਖਣ ਸਭਿਆਚਾਰਕ ਪਛਾਣ ਬਰਕਰਾਰ ਹੈ। ਇਸ ਲਈ 'ਸੱਭਿਆਚਾਰਕ ਤੌਰ 'ਤੇ ਚੇਤੰਨ ਪੰਜਾਬੀ ਬੁੱਧੀਜੀਵੀ ਵਰਗ ਸਾਹਮਣੇ ਇਹ ਚੁਣੌਤੀ ਹੈ ਕਿ ਉਹ ਧਰਮਾਂ, ਜਾਤਾਂ ਤੇ ਇਲਾਕਿਆਂ ਦੀਆਂ ਤੰਗ ਵਲਗਣਾਂ ਚੋਂ ਨਿਕਲ ਕੇ ਅਤੇ ਪੱਛਮੀ ਸੱਭਿਆਚਾਰਕ ਖ਼ਤਰਿਆਂ ਤੋਂ ਸੁਚੇਤ ਹੋ ਕੇ ਪੰਜਾਬੀ ਸਭਿਆਚਾਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੀ ਪਛਾਣ ਕਰੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਸੇ ਦੇ ਕਿਹੜੇ ਪੱਖ ਸੰਭਾਲੇ ਜਾਣ ਅਤੇ ਕਿਸ ਤਰ੍ਹਾਂ ਸੰਭਾਲੇ ਜਾਣ, ਇਸ ਦਾ ਨਿਰਨਾ ਕਰਨ ਅਤੇ ਇਹ ਵੀ ਨਿਰਨਾ ਕਰਨ ਕਿ ਕਿਹੜੇ ਨਾਂਹ-ਪੱਖੀ ਰੁਝਾਨਾਂ ਤੋਂ ਅਗਲੀ ਨਸਲ ਨੂੰ ਬਚਾਇਆ ਜਾਵੇ ਤਾਂ ਕਿ ਇਕ ਨਰੋਏ ਸਭਿਆਚਾਰ ਦੀ ਉਸਾਰੀ ਹੋ ਸਕੇ।'[6] ਅਜਿਹੀਆਂ ਚਣੌਤੀਆਂ ਨੂੰ ਖਿੜੇ ਮੱਥੇ ਸਵੀਕਾਰਨ ਨਾਲ ਹੀ ਪੰਜਾਬੀ ਸਭਿਆਚਾਰ ਦੀਆਂ ਨਰੋਈਆਂ ਕਦਰਾਂ-ਕੀਮਤਾਂ ਨੂੰ ਪੁਨਰਸੁਰਜੀਤ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਦੀ ਪੁਨਰਸੁਰਜੀਤੀ ਵਿਚੋਂ ਹੀ ਪੰਜਾਬੀ ਸਭਿਆਚਾਰ ਦੇ ਨਰੋਏ ਮੁਹਾਂਦਰੇ ਨੂੰ ਸਿਰਜਿਆ ਜਾ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਪ੍ਰੋ. ਰਵਿੰਦਰ ਭੱਠਲ, *ਪੰਜਾਬੀ ਸਾਹਿਤ: ਸਮਕਾਲੀ ਦ੍ਰਿਸ਼*, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 2006, ਪੰਨਾ 3
2. ਡਾ. ਜਸਵਿੰਦਰ ਸਿੰਘ, *ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ*, ਗ੍ਰੇਸੀਅਸ ਪ੍ਰਕਾਸ਼ਨ, ਪਟਿਆਲਾ, 2012, ਪੰਨਾ 206
3. ਗੁਰਚਰਨ ਸਿੰਘ ਅਰਸ਼ੀ, *ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ*, ਨੈਸ਼ਨਲ ਬੁਕ ਟਰੱਸਟ, ਇੰਡੀਆ, ਦਿੱਲੀ, 2009, ਪੰਨਾ 112

ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਰੌਸ਼ਨ ਭਵਿੱਖ ਦੀ ਤਸਵੀਰ ਨਜ਼ਰ ਆਉਂਦੀ ਹੈ ਕਿਉਂਕਿ ਪੰਜਾਬੀ ਉਦੋਂ ਤੱਕ ਹੀ ਪੰਜਾਬੀ ਹਨ ਜਦੋਂ ਤੱਕ ਉਹਨਾਂ ਦੀ ਆਪਣੀ ਵਿਲੱਖਣ ਸਭਿਆਚਾਰਕ ਪਛਾਣ ਬਰਕਰਾਰ ਹੈ। ਇਸ ਲਈ 'ਸੱਭਿਆਚਾਰਕ ਤੌਰ 'ਤੇ ਚੇਤੰਨ ਪੰਜਾਬੀ ਬੁੱਧੀਜੀਵੀ ਵਰਗ ਸਾਹਮਣੇ ਇਹ ਚੁਣੌਤੀ ਹੈ ਕਿ ਉਹ ਧਰਮਾਂ, ਜਾਤਾਂ ਤੇ ਇਲਾਕਿਆਂ ਦੀਆਂ ਤੰਗ ਵਲਗਣਾਂ ਚੋਂ ਨਿਕਲ ਕੇ ਅਤੇ ਪੱਛਮੀ ਸੱਭਿਆਚਾਰਕ ਖ਼ਤਰਿਆਂ ਤੋਂ ਸੁਚੇਤ ਹੋ ਕੇ ਪੰਜਾਬੀ ਸਭਿਆਚਾਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੀ ਪਛਾਣ ਕਰੇ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਸੇ ਦੇ ਕਿਹੜੇ ਪੱਖ ਸੰਭਾਲੇ ਜਾਣ ਅਤੇ ਕਿਸ ਤਰ੍ਹਾਂ ਸੰਭਾਲੇ ਜਾਣ, ਇਸ ਦਾ ਨਿਰਨਾ ਕਰਨ ਅਤੇ ਇਹ ਵੀ ਨਿਰਨਾ ਕਰਨ ਕਿ ਕਿਹੜੇ ਨਾਂਹ-ਪੱਖੀ ਰੁਝਾਨਾਂ ਤੋਂ ਅਗਲੀ ਨਸਲ ਨੂੰ ਬਚਾਇਆ ਜਾਵੇ ਤਾਂ ਕਿ ਇਕ ਨਰੋਏ ਸਭਿਆਚਾਰ ਦੀ ਉਸਾਰੀ ਹੋ ਸਕੇ।'[6] ਅਜਿਹੀਆਂ ਚਣੌਤੀਆਂ ਨੂੰ ਖਿੜੇ ਮੱਥੇ ਸਵੀਕਾਰਨ ਨਾਲ ਹੀ ਪੰਜਾਬੀ ਸਭਿਆਚਾਰ ਦੀਆਂ ਨਰੋਈਆਂ ਕਦਰਾਂ-ਕੀਮਤਾਂ ਨੂੰ ਪੁਨਰਸੁਰਜੀਤ ਕੀਤਾ ਜਾ ਸਕਦਾ ਹੈ ਅਤੇ ਇਨ੍ਹਾਂ ਦੀ ਪੁਨਰਸੁਰਜੀਤੀ ਵਿਚੋਂ ਹੀ ਪੰਜਾਬੀ ਸਭਿਆਚਾਰ ਦੇ ਨਰੋਏ ਮੁਹਾਂਦਰੇ ਨੂੰ ਸਿਰਜਿਆ ਜਾ ਸਕਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੋ. ਰਵਿੰਦਰ ਭੱਠਲ, *ਪੰਜਾਬੀ ਸਾਹਿਤ: ਸਮਕਾਲੀ ਦ੍ਰਿਸ਼*, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, 2006, ਪੰਨਾ 3
2. ਡਾ. ਜਸਵਿੰਦਰ ਸਿੰਘ, *ਪੰਜਾਬੀ ਸਭਿਆਚਾਰ: ਪਛਾਣ ਚਿੰਨ੍ਹ*, ਗ੍ਰੇਸੀਅਸ ਪ੍ਰਕਾਸ਼ਨ, ਪਟਿਆਲਾ, 2012, ਪੰਨਾ 206
3. ਗੁਰਚਰਨ ਸਿੰਘ ਅਰਸ਼ੀ, *ਸਭਿਆਚਾਰ ਵਿਗਿਆਨ ਅਤੇ ਪੰਜਾਬੀ ਸਭਿਆਚਾਰ*, ਨੈਸ਼ਨਲ ਬੁਕ ਟਰੱਸਟ, ਇੰਡੀਆ, ਦਿੱਲੀ, 2009, ਪੰਨਾ 112

4. ਪ੍ਰੋ. ਰਾਜਬੀਰ ਕੌਰ, *ਪੰਜਾਬੀ ਸਭਿਆਚਾਰ ਅਤੇ ਗਲੋਬਲੀਕਰਨ*, ਪ੍ਰੋ. ਸ਼ੈੱਰੀ ਸਿੰਘ (ਸੰਪਾ.), ਪੰਜਾਬੀ ਸਭਿਆਚਾਰ: ਵਿਭਿੰਨ ਪਰਿਪੇਖ, ਰੂਹੀ ਪ੍ਰਕਾਸ਼ਨ, ਅੰਮ੍ਰਿਤਸਰ, 2009, ਪੰਨਾ 122

5. ਡਾ. ਪੂਰਨ ਸਿੰਘ, *ਪੰਜਾਬੀ ਸਭਿਆਚਾਰ 'ਚ ਤਰੇੜਾਂ*, ਕਨੇਡੀਅਨ ਸਿੱਖ ਸਟੱਡੀ ਤੇ ਟੀਚਿੰਗ ਸੁਸਾਇਟੀ, ਵੈਨਕੂਵਰ, ਬੀ.ਸੀ. ਕਨੇਡਾ, 2014, ਪੰਨਾ 9

6. ਡਾ. ਹਰਵਿੰਦਰ ਸਿੰਘ ਭੱਟੀ, *ਵਿਸ਼ਵੀਕਰਨ, ਉਦਾਰੀਕਰਨ ਅਤੇ ਪੰਜਾਬੀ ਸਭਿਆਚਾਰ*, ਪਰਕਾਸ਼ ਸਿੰਘ ਜੰਮੂ (ਸੰਪਾ.), *ਵਿਸ਼ਵੀਕਰਨ, ਉਦਾਰੀਕਰਣ ਅਤੇ ਪੰਜਾਬ (ਸਮਾਜ ਵਿਗਿਆਨ ਪੱਤਰ)*, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2000, ਪੰਨਾ 288

-0-

Regd. No. PB/PTA/42/2014 (2014-16) R.N.I. No. 10067/57/Min. of I & B

ਭਾਸ਼ਾ ਵਿਭਾਗ, ਪੰਜਾਬ

9082/08-2016/500 ਕਾਪੀਆਂ/ਪੰਜਾਬ ਸਰਕਾਰ ਪ੍ਰੈਸ, ਐਸ.ਏ.ਐਸ. ਨਗਰ